# ਮਾਂ ਤੇ ਬੱਚਾ

"ਇਸਤ੍ਰੀ ਦੀ ਸਿਆਣਪ ਬੱਚੇ ਦੇ ਪਾਲਣ ਤੇ ਸਿਖਲਾਣ
ਵਿਚ ਪਰਖੀ ਜਾਂਦੀ ਹੈ।"

G. 411

ਤ੍ਰਿਲੋਕ ਸਿੰਘ ਵੈਦ

ਲਾਹੌਰ ਬੁਕ ਸ਼ਾਪ
ਨਿਸਬਤ ਰੋਡ,
ਲਾਹੌਰ

ਮਾਡਰਨ ਪਬਲੀਕੇਸ਼ਨਜ਼
ਪ੍ਰੀਤ ਨਗਰ (ਜ਼ਿਲਾ ਅੰਮ੍ਰਿਤਸਰ)

੬੪੯.੧
ਤ੍ਰੈ ੭੪ ਸਾਂ
੭੭੭੭੩

ਪਹਿਲੀ ਵੇਰ ੫੦੦
ਦਸੰਬਰ ੧੯੪੧

ਮੁੱਲ ਅੱਠ ਆਨੇ

Printed at the Preet Sainik Press, Preet Nagar, and Published by S. Manmohan Singh for the Modern Publishing House, Preet Nagar, (Amritsar,)

# ਇਸ ਵਿਚ——

੧.

"............ਇਸਤ੍ਰੀ ਦੇ ਮਾਤਾ ਬਣਨ ਦਾ ਹਾਲ ਭਲੀ ਪ੍ਰਕਾਰ ਵਰਨਣ ਕੀਤਾ ਹੈ ਅਤੇ ਬਾਲਕ ਦੇ ਜਨਮ ਸਮੇਂ ਅਤੇ ਉਸ ਤੋਂ ਮਗਰੋਂ ਜਿਨ੍ਹਾਂ ਗਲਾਂ ਦਾ ਖ਼ਿਆਲ ਰਖਣਾ ਜ਼ਰੂਰੀ ਹੈ, ਸਵਿਸਥਾਰ ਤੇ ਚੰਗੀ ਤਰ੍ਹਾਂ ਦਸਿਆ ਗਿਆ ਹੈ..........."

— ਪ੍ਰੋ: ਗੁਰਮੁਖ ਨਿਹਾਲ ਸਿੰਘ ਜੀ

੨.

"............ਇਸ ਵਿਚ ਚੰਗੀ ਸੰਤਾਨ ਪੈਦਾ ਕਰਨ ਤੇ ਪਾਲਣ ਲਈ ਬੜੀ ਗੁਣਕਾਰੀ ਸਿਖਿਆ ਦਰਜ ਹੈ। ਗ੍ਰਹਿਸਤ ਆਸ਼੍ਰਮ ਲਈ ਇਹ ਬੜੀ ਲੋੜੀਂਦੀ ਕਿਤਾਬ ਹੈ..........."

— ਸ: ਗੁਰਬਖ਼ਸ਼ ਸਿੰਘ ਜੀ, ਐਡੀਟਰ ਪ੍ਰੀਤ ਲੜੀ

੩.

"............ਇਸ ਨੂੰ ਪੜ੍ਹ ਕੇ ਇਸਤ੍ਰੀ ਆਪ ਯੋਗ ਦਾਈ ਤੇ ਨਰਸ ਬਣ ਸਕਦੀ ਹੈ............"

— ਪੰਜਾਬੀ ਭੈਣ

## ਪ੍ਰਕਾਸ਼ਕਾਂ ਵਲੋਂ

ਬਦੇਸ਼ੀ ਤੇ ਭਾਰਤਵਰਸ਼ ਦੀਆਂ ਬਾਕੀ ਜ਼ਬਾਨਾਂ ਵਿਚ 'ਮਾਂ ਤੇ ਬੱਚਾ' ਦੇ ਵਿਸ਼ੇ ਤੇ ਕਈ ਕਿਤਾਬਾਂ ਮਿਲਦੀਆਂ ਹਨ, ਪਰ ਪੰਜਾਬੀ ਬੋਲੀ ਵਿਚ ਅਜਿਹੀ ਕਿਤਾਬ ਟਾਵੀਂ ਟਾਵੀਂ ਹੀ ਲੱਭਦੀ ਹੈ। ਜਿਹੜੀ ਹੈ ਉਹ ਵੀ ਮਹਿੰਗੀ ਹੋਣ ਕਰ ਕੇ ਆਮ ਜਨਤਾ ਦੀ ਪਹੁੰਚ ਤੋਂ ਬਹੁਤ ਦੂਰ ਹੈ। ਇਸ ਔਖ ਨੂੰ ਅਨੁਭਵ ਕਰ ਕੇ ਅਸੀ "ਮਾਂ ਤੇ ਬੱਚਾ" ਪੰਜਾਬੀ ਸੰਸਾਰ ਦੀ ਭੇਟ ਕਰਦੇ ਹਾਂ। ਇਸ ਤੋਂ ਹਰ ਇਕ ਲੋੜੀਂਦੀ ਵਾਕਫ਼ੀ ਮਿਲ ਸਕਦੀ ਹੈ। "ਘਰੇਗੀ ਟੋਟਕੇ" ਇਸ ਦਾ ਇਕ ਖ਼ਾਸ ਭਾਗ ਹੈ।

"ਮਾਂ ਤੇ ਬੱਚਾ" ਸਾਡੀ ਗਿਆਰ੍ਹਵੀਂ ਕਿਤਾਬ ਹੈ। ਪਹਿਲੀਆਂ ਕਿਤਾਬਾਂ ਜਿਹੜੀਆਂ ਕਿ ਪੰਜਾਬੀ ਸੰਸਾਰ ਨੇ ਬਹੁਤ ਪਸੰਦ ਕੀਤੀਆਂ ਹਨ, ਉਹਨਾਂ ਦੀ ਸੂਚੀ ਅਖ਼ੀਰ ਤੇ ਹੈ।

ਜੇ ਪਹਿਲੇ ਵਾਂਗ ਪੰਜਾਬੀ ਦੇ ਚਾਹਵਾਨਾਂ ਨੇ ਸਾਡੀ ਹੌਸਲਾ ਅਫ਼-ਜ਼ਾਈ ਕੀਤੀ ਤਾਂ ਅਸੀ ਕਈ ਹੋਰ ਚੰਗੀਆਂ ਚੰਗੀਆਂ ਤੇ ਸਸਤੀਆਂ ਕਿਤਾਬਾਂ ਪੇਸ਼ ਕਰ ਸਕਾਂਗੇ। ਕਾਗਜ਼ ਦੀ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਪ੍ਰਕਾਸ਼ਕ ਫ਼ਰਮਾਂ ਨੂੰ ਬੜੀ ਮੁਸ਼ਕਲ ਆ ਬਣੀ ਹੈ, ਪਰ ਸਾਡਾ ਉਦੇਸ਼ ਸਿਰਫ਼ ਪੈਸੇ ਕਮਾਣਾ ਨਹੀਂ – ਚੰਗੀਆਂ ਚੰਗੀਆਂ ਕਿਤਾਬਾਂ ਸਸਤੀ ਕੀਮਤ ਤੇ ਪ੍ਰਕਾਸ਼ਤ ਕਰਨਾ ਵੀ ਹੈ, ਜਿਸ ਤੋਂ ਕਿ ਸਰਬ ਸਾਧਾਰਨ ਲਾਭ ਉਠਾ ਸਕੇ।

ਇਸ ਪੁਸਤਕ ਲਈ ਅਸੀ ਸ: ਤ੍ਰਲੋਕ ਸਿੰਘ ਜੀ ਵੈਦ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਇਸ ਨੂੰ ਪ੍ਰਕਾਸ਼ਤ ਕਰਨ ਦੀ ਅਗਿਆ ਸਾਨੂੰ ਦਿਤੀ ਹੈ।

## ਸਾਡੀ ਬੇਪ੍ਰਵਾਹੀ

ਸਾਡੀ ਬੇ-ਪ੍ਰਵਾਹੀ ਤੇ ਅਗਿਆਨਤਾ ਦੇ ਕਾਰਨ ਦਿਨੋ ਦਿਨ ਬਾਲਾਂ ਦੀਆਂ ਮੌਤਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬੰਬਈ, ਬੰਗਾਲ ਤੇ ਯੂ. ਪੀ. ਵਿਚ ਮੌਤਾਂ ਬਹੁਤ ਹੁੰਦੀਆਂ ਹਨ। ਬੰਬਈ ਇਲਾਕੇ ਵਿਚ ਹੀ ਹਜ਼ਾਰ ਪਿਛੇ ੬੬੭ ਬੱਚੇ ਇਕ ਵਰ੍ਹੇ ਵਿਚ ਹੀ ਮਰ ਜਾਂਦੇ ਹਨ। ਇਸ ਭਿਆਨਕ ਨਾਸ ਦਾ ਕੋਈ ਟਿਕਾਣਾ ਹੈ? ਮਾਵਾਂ ਕਹਿੰਦੀਆਂ ਹਨ ਕਿ ਮਾਰਨਾ ਜੀਵਾਲਣਾ ਤਾਂ ਵਾਹਿਗੁਰੂ ਦੇ ਹੱਥ ਹੈ, ਸਾਡਾ ਕੀ ਵਸ ਹੈ, ਕਿਹੜੀ ਮਾਂ ਹੈ ਜੋ ਆਪਣੇ ਬਾਲ ਦੀ ਮੌਤ ਚਾਹੁੰਦੀ ਹੈ? ਜਿਨ੍ਹਾਂ ਬਾਲਾਂ ਨੂੰ ਮਾਵਾਂ ੯–੧੦ ਮਹੀਨੇ ਪੇਟ ਵਿਚ ਰੱਖਕੇ, ਆਪਣੇ ਸਰੀਰ ਦੇ ਲਹੂ ਮਾਸ ਨਾਲ ਵੱਡਾ ਕਰਕੇ ਤੇ ਕਸ਼ਟ ਸਹਾਰਕੇ ਜਨਮ ਦੇਂਦੀਆਂ ਹਨ, ਉਨ੍ਹਾਂ ਨੂੰ ਫੇਰ ਕਿਸ ਤਰ੍ਹਾਂ ਨਾਲ ਪਾਲਣਾ ਚਾਹੀਦਾ ਹੈ, ਜਾਣਨ ਦੀ ਪ੍ਰਵਾਹ ਨਹੀਂ ਕਰਦੀਆਂ। ਬਹੁਤਾ ਇਹੋ ਵੇਖੀਦਾ ਹੈ ਕਿ ਮਾਤਾ ਪਿਤਾ ਬੱਚੇ ਨੂੰ ਜਨਮ ਦੇਣਾ ਹੀ ਆਪਣਾ ਕੰਮ ਸਮਝਦੇ ਹਨ। ਉਨ੍ਹਾਂ ਦੀ ਪਾਲਣਾ ਕਿਸਤਰ੍ਹਾਂ ਕੀਤੀ ਜਾਵੇ, ਜਿਸ ਕਰਕੇ ਉਹ ਅਰੋਗ, ਗਠੀਲੇ, ਤੇਜਸ੍ਵੀ ਸਰੀਰਾਂ ਵਾਲੇ ਤੇ ਜਵਾਨ ਬਣਕੇ ਸੰਸਾਰ ਵਿਚ ਨਿਕਲਣ? ਉਨ੍ਹਾਂ ਨੂੰ ਕਿਸਤਰ੍ਹਾਂ ਦੀ ਸਿਖਿਆ ਦਿੱਤੀ ਜਾਵੇ, ਜਿਸਤੋਂ ਕਿ ਉਨ੍ਹਾਂ ਦੇ ਮਾਨੁੱਖੀ ਭਾਵਾਂ ਦਾ ਵਿਕਾਸ ਹੋਵੇ? ਇਨ੍ਹਾਂ ਗੱਲਾਂ ਵੱਲ ਧਿਆਨ ਹੀ ਨਹੀਂ ਦਿਤਾ ਜਾਂਦਾ। ਗਰੀਬਾਂ ਦੇ ਬਾਲ ਬੱਚੇ ਗੰਦੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.